Alberta

# ਨਿਊਜ਼ ਰਿਲੀਜ਼

# ਖਰੜਾ ਸਮਾਜਿਕ ਸਿੱਖਿਆ ਪਾਠਕਰਮ: ਗੱਲਬਾਤ 'ਚ ਸ਼ਾਮਲ ਹੋਵੋ

14 ਮਾਰਚ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਨਿਵਾਸੀਆਂ ਨੂੰ ਇਕ ਵਾਰ ਤੋਂ ਨਵੇਂ ਸਮਾਜਿਕ ਸਿੱਖਿਆ ਪਾਠਕਰਮ 'ਚ ਮੁੱਖ ਸਿੱਖਿਆਵਾਂ ਬਾਰੇ ਆਪਣੀ ਫੀਡਬੈਕ ਮੁਹੱਈਆ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਬੀਤੇ ਸੱਤ ਮਹੀਨਿਆਂ ਦੌਰਾਨ, ਐਲਬਰਟਾ ਐਜੂਕੇਸ਼ਨ ਵਿਭਾਗ ਸਿੱਖਿਆ ਅਤੇ ਕਮਿਊਨਿਟੀ ਭਾਈਵਾਲਾਂ, ਨਾਲ ਦੀ ਨਾਲ ਪਾਠਕਰਮ ਬਣਾਉਣ ਵਾਲੇ ਮਾਹਰਾਂ ਨਾਲ ਨਵਾਂ ਸਮਾਜਿਕ ਸਿੱਖਿਆ ਪਾਠਕਰਮ ਵਿਕਸਤ ਕਰਨ ਵਾਸਤੇ ਅਦਾਨ-ਪ੍ਰਦਾਨ ਕਰਦਾ ਰਿਹਾ ਹੈ। 300 ਤੋ ਵਧੇਰੇ ਸਿੱਖਿਆ ਭਾਈਵਾਲ, ਅਧਿਆਪਕ, ਬਹੁ-ਸੱਭਿਆਚਾਰਕ ਸੰਸਥਾਵਾਂ,  ਇੰਡਿਜਨਸ ਅਤੇ ਫਰੈਂਕੋਫੋਨ ਕਮਿਊਨਿਟੀਆਂ ਤੋਂ ਵਿਸਤ੍ਰਿਤ ਪ੍ਰਕਾਰ ਦੇ ਨਵੇਂ ਕਿੰਡਰਗਾਰਟਨ ਤੋਂ ਗਰੇਡ 12 (ਕੇ-12) ਸਮਾਜਿਕ ਸਿੱਖਿਆ ਪਾਠਕਰਮ ਅਤੇ ਕੇ-6 ਸਮਾਜਿਕ ਸਿੱਖਿਆ ਪਾਠਕਰਮ ਖਰੜੇ ਤਿਆਰ ਕਰਨ 'ਚ ਮਦਦ ਵਾਸਤੇ ਜਾਣਕਾਰੀ ਲਈ ਵਡਮੁੱਲੀ ਫੀਡਬੈਕ ਇਕੱਠੀ ਕਰਨ ਵਾਸਤੇ ਅਦਾਨ-ਪ੍ਰਦਾਨ ਹੁੰਦਾ ਰਿਹਾ। ਇਕ ਦੂਸਰਾ ਜਨਤਕ ਅਦਾਨ-ਪ੍ਰਦਾਨ ਹੁਣ 29 ਮਾਰਚ ਤੱਕ ਖੁੱਲ੍ਹਾ  ਹੈ। ਐਲਬਰਟਾ  ਨਿਵਾਸੀ ਨਵਾਂ ਕੇ-6 ਪਾਠਕਰਮ ਖਰੜਾ ਪੜ੍ਹ ਸਕਦੇ ਹਨ ਅਤੇ ਆਪਣੀ ਫੀਡਬੈਕ ਦੇ ਸਕਦੇ ਹਨ।

"ਉਨ੍ਹਾਂ ਕਈ ਸਾਰੇ ਸਿੱਖਿਆ ਭਾਈਵਾਲਾਂ, ਕਮਿਊਨਿਟੀਆਂ ਸੰਸਥਾਵਾਂ ਅਤੇ ਐਲਬਰਟਾ ਨਿਵਾਸੀਆਂ ਦਾ ਧੰਨਵਾਦ, ਜਿੰਨ੍ਹਾਂ ਨੇ ਨਵੇਂ ਸਮਾਜਿਕ ਸਿੱਖਿਆ ਪਾਠਕਰਮ ਖਰੜੇ ਦੇ ਵਿਕਾਸ 'ਚ ਆਪਣੀ ਇੰਨਪੁੱਟ ਪ੍ਰਦਾਨ ਕੀਤੀ। ਤੁਹਾਡਾ ਮੁੱਲਵਾਨ ਯੋਗਦਾਨ ਇਹ ਯਕੀਨੀ ਬਣਾਉਣ 'ਚ ਮਦਦ ਕਰੇਗਾ ਕਿ ਐਲਬਰਟਾ ਦੇ ਵਿਦਿਆਰਥੀ ਇਕ ਅਜਿਹੇ ਪਾਠਕਰਮ ਤੋਂ ਸਿੱਖਣ ਜਿਹੜਾ ਉਨ੍ਹਾਂ ਦੀ ਆਲੋਚਨਾਤਮਕ ਸੋਚ, ਸਮੱਸਿਆਵਾਂ ਸੁਲਝਾਉਣ ਅਤੇ ਫੈਸਲੇ ਬਣਾਉਣ ਦੇ ਹੁਨਰਾਂ ਨੂੰ ਵਿਕਸਤ ਕਰੇ ਅਤੇ ਉਨ੍ਹਾਂ ਨੂੰ ਸ਼ਮੂਲੀਅਤਕਾਰ ਨਾਗਰਿਕ ਬਣਨ ਲਈ ਸਸ਼ਕਤ ਕਰੇ। ਮੈਂ ਸਾਰੇ ਐਲਬਰਟਾ ਨਿਵਾਸੀਆਂ ਨੂੰ ਸਮਾਜਿਕ ਸਿੱਖਿਆ ਪਾਠਕਰਮ ਖਰੜੇ ਵਿਚਲੀਆਂ ਮੁੱਖ ਸਿੱਖਿਆਵਾਂ ਬਾਰੇ ਆਪਣੀ ਫੀਡਬੈਕ ਸਾਂਝੀ ਕਰਨ ਲਈ ਉਤਸ਼ਾਹਤ ਕਰਦਾ ਹਾਂ ਅਤੇ ਭਵਿੱਖ ਵਿਚ ਮੈਂ ਸਹਿਯੋਗ ਦੇ ਹੋਰ ਵਧੇਰੇ ਮੌਕਿਆਂ ਲਈ ਆਸ ਰੱਖਦਾ ਹਾਂ।"

*Demetrios Nicolaides, ਮਿਨਿਸਟਰ ਆਫ ਐਜੂਕੇਸ਼ਨ*

Classification: Public

ਗੱਲਬਾਤ ਦਾ ਸਿਲਸਿਲਾ 2023 ਦੀਆਂ ਗਰਮੀਆਂ 'ਚ ਸ਼ੁਰੂ ਹੋਇਆ, ਜਦੋਂ ਸਿੱਖਿਆ ਮੰਤਰੀ ਅੱਪਡੇਟ ਹੋਈ ਅਦਾਨ-ਪ੍ਰਦਾਨ ਦੀ ਪਹੁੰਚ ਬਾਰੇ ਇਕ ਸਮਝ ਬਣਾਉਣ ਅਤੇ ਸਮਾਜਿਕ ਸਿੱਖਿਆ ਨਾਲ ਸ਼ੁਰੂ ਕਰਦਿਆਂ ਪਾਠਕਰਮ ਵਿਕਸਤ ਕਰਨ ਦੇ ਅਮਲ ਨੂੰ ਅਗਾਂਹ ਤੋਰਨ ਵਾਸਤੇ ਵੱਖ ਵੱਖ ਸਿੱਖਿਆ ਭਾਈਵਾਲਾਂ ਨੂੰ ਮਿਲੇ।

2023 ਪੱਤਝੜ ਰੁੱਤ 'ਚ, ਅਦਾਨ-ਪ੍ਰਦਾਨ ਦੇ ਇਕ ਪੜਾਅਦਰ ਅਮਲ ਦੇ ਭਾਗ ਵਜੋਂ, ਐਲਬਰਟਾ ਨਿਵਾਸੀਆਂ ਨੇ ਇਸ ਬਾਰੇ ਕਿ ਉਹ ਨਵੇਂ ਸਮਾਜਿਕ ਸਿੱਖਿਆ ਪਾਠਕਰਮ ਖਰੜੇ 'ਚ ਵਿਦਿਆਰਥੀਆਂ ਵੱਲੋਂ ਕੀ ਸਿੱਖਿਆ ਜਾਣਾ ਚਾਹੁੰਦੇ ਹਨ, ਆਪਣੀ ਇੰਨਪੁੱਟ ਮੁਹੱਈਆ ਕਰਨ ਲਈ 12,800 ਤੋਂ ਵਧੇਰੇ ਆਨਲਾਈਨ ਸਰਵੇਖਣ ਭਰੇ। ਸਰਵੇਖਣ ਦੇ ਨਤੀਜਿਆਂ ਨੇ ਇਸ਼ਾਰਾ ਕੀਤਾ ਸੀ ਕਿ ਐਲਬਰਟਾ ਨਿਵਾਸੀ ਆਲੋਚਨਾਤਮਕ ਸੋਚ ਦੇ ਹੁਨਰ ਵਿਕਸਤ ਕਰਨ ਅਤੇ ਸਥਾਨਕ, ਕੈਨੇਡੀਅਨ ਅਤੇ ਗਲੋਬਲ ਘਟਨਾਵਾਂ ਦੀ ਸਮਝ ਵਿਕਸਤ ਕਰਨ 'ਚ ਵਿਸ਼ਵਾਸ਼ ਰੱਖਦੇ ਹਨ ਅਤੇ ਗਲੋਬਲ  ਤੇ ਰਾਸ਼ਟਰੀ ਇਤਿਹਾਸ ਨਵੇਂ ਸਮਾਜਿਕ ਸਿੱਖਿਆ ਪਾਠਕਰਮ 'ਚ ਸਿੱਖਣ ਲਈ ਮੁੱਖ ਤੱਤ ਹੋਣੇ ਚਾਹੀਦੇ ਹਨ।

ਉਸ ਸਮੇਂ ਤੋਂ ਲੈ ਕੇ, ਐਲਬਰਟਾ ਐਜੂਕੇਸ਼ਨ ਵਿਭਾਗ ਵਾਲੇ ਕਈ ਸਾਰੇ ਅਧਿਆਪਕਾਂ, ਸਿੱਖਿਆ ਭਾਈਵਾਲਾਂ, ਇੰਡਿਜਨਸ ਅਤੇ ਫਰੈਂਕੋਫੋਨ ਕਮਿਊਨਿਟੀਆਂ ਅਤੇ ਬਹੁ-ਸੱਭਿਆਚਾਰਕ ਸੰਸਥਾਵਾਂ ਨੂੰ ਕੇ-12 ਸਮਾਜਿਕ ਸਿੱਖਿਆ ਪਾਠਕਰਮ ਦੇ ਘੇਰੇ ਅਤੇ ਤਰਤੀਬ ਬਾਰੇ ਅਤੇ ਕੇ-6 ਪਾਠਕਰਮ ਖਰੜੇ ਦੇ ਵਿਸ਼ਾ-ਵਸਤੂ ਬਾਰੇ ਜਾਣਕਾਰੀ ਦੇਣ ਲਈ ਮਿਲ ਚੁੱਕੇ ਹਨ। ਐਲਬਰਟਾ ਸਰਕਾਰ ਇਹ ਯਕੀਨੀ ਬਣਾਉਣ ਲਈ ਸਿੱਖਿਆ ਭਾਈਵਾਲਾਂ ਅਤੇ ਐਲਬਰਟਾ ਨਿਵਾਸੀਆਂ ਨਾਲ ਮਿਲਕੇ ਕੰਮ ਕਰਨਾਂ ਜਾਰੀ ਰੱਖੇਗੀ  ਕਿ ਵਿਕਾਸ ਦੇ ਅਮਲ ਦੌਰਾਨ ਉਨ੍ਹਾਂ ਦੇ ਪੱਖ ਅਤੇ ਫੀਡਬੈਕ ਉੱਪਰ ਸਹੀ ਸਮਿਆਂ 'ਤੇ ਵਿਚਾਰ ਕੀਤੇ ਜਾਣ।

ਸਕੂਲ ਅਥਾਰਿਟੀਆਂ ਕੋਲ 2024-25 ਦੇ ਸਕੂਲ ਵਰ੍ਹੇ 'ਚ ਕੇ-6 ਸਮਾਜਿਕ ਸਿੱਖਿਆ ਪਾਠਕਰਮ ਦੇ ਨਵੇਂ ਖਰੜੇ ਨੂੰ ਪਾਈਲਟ ਵਜੋਂ ਚਲਾਉਣ ਦਾ ਮੌਕਾ ਹੋਵੇਗਾ, ਇਸ ਲਈ ਉਹ ਵਧੀਕ, ਵਿਸਥਾਰ ਸਹਿਤ ਫੀਡਬੈਕ ਮੁਹੱਈਆ ਕਰ ਸਕਦੇ ਹਨ।

ਐਲਬਰਟਾ ਐਜੂਕੇਸ਼ਨ ਸਾਰੀਆਂ ਅਦਾਨ-ਪ੍ਰਦਾਨ ਕਾਰਵਾਈਆਂ, ਖੋਜ ਅਤੇ ਕਲਾਸਰੂਮ ਪਾਈਲਟ ਪ੍ਰੋਗਰਾਮਾਂ ਤੋਂ ਮਿਲੀ ਫੀਡਬੈਕ ਨੂੰ ਧਿਆਨ ਨਾਲ ਵਿਚਾਰੇਗਾ ਤਾਂ ਕਿ ਲਾਗੂ ਕਰਨ ਤੋਂ ਪਹਿਲਾਂ ਨਵੇਂ ਕੇ-6 ਸਮਾਜਿਕ ਸਿੱਖਿਆ ਪਾਠਕਰਮ ਨੂੰ ਅੰਤਮ ਰੂਪ ਦਿੱਤਾ ਜਾ ਸਕੇ।

## ਮੁੱਖ ਤੱਥ:

- ਨਵੇਂ ਕੇ-12 ਸਮਾਜਿਕ ਸਿੱਖਿਆ ਪਾਠਕਰਮ ਖਰੜੇ ਦੀ ਸੰਖੇਪ ਝਾਤ ਉਸ ਚੀਜ਼ ਦਾ ਇਕ ਉੱਚ-ਪੱਧਰੀ ਸਾਰ ਹੈ ਕਿ ਵਿਦਿਆਰਥੀ ਹਰੇਕ ਗਰੇਡ ਵਿਚ ਕੀ ਸਿੱਖਦੇ ਹਨ ਅਤੇ ਇਹ ਵਿਖਾਉਂਦਾ ਹੈ ਕਿ ਵਿਦਿਆਰਥੀ ਜਦੋਂ ਅਗਲੇ ਗਰੇਡਾਂ 'ਚ ਜਾਂਦੇ ਹਨ ਤਾਂ ਉਨ੍ਹਾਂ ਦੇ ਸਿੱਖਣ 'ਚ ਕਿਵੇਂ ਪ੍ਰਗਤੀ ਹੁੰਦੀ ਹੈ।
- ਕੇ-6 ਸਮਾਜਿਕ ਸਿੱਖਿਆ ਪਾਠਕਰਮ ਖਰੜਾ  ਇਕ ਦਸਤਾਵੇਜ਼ ਹੈ ਜਿਹੜਾ ਅਧਿਆਪਕ ਵਰਤਣਗੇ, ਜਿਹੜਾ ਉਨ੍ਹਾਂ ਨੂੰ ਵਿਸਥਾਰ ਸਹਿਤ ਰੂਪ-ਰੇਖਾ ਦੇਵੇਗਾ ਕਿ ਵਿਦਿਆਰਥੀਆਂ ਕੋਲੋਂ ਕੀ ਜਾਣਨ, ਸਮਝਣ ਅਤੇ ਹਰੇਕ ਗਰੇਡ ਦੇ ਅੰਤ 'ਤੇ ਕਿਸ ਚੀਜ਼ ਦੇ ਯੋਗ ਹੋਣ ਦੀ ਆਸ ਕੀਤੀ ਜਾਂਦੀ ਹੈ।

## ਸੰਬਧਤ ਜਾਣਕਾਰੀ

- ਡਰਾਫਟ ਕੇ-12 ਸੋਸ਼ਲ ਸਟੱਡੀਜ਼ ਸਬਜੈਕਟ ਓਵਰਵਿਊ (ਇੰਗਲਿਸ਼)
- ਡਰਾਫਟ ਕੇ-12 ਸੋਸ਼ਲ ਸਟੱਡੀਜ਼ ਸਬਜੈਕਟ ਓਵਰਵਿਊ (ਫਰੈਂਚ)
- ਡਰਾਫਟ ਕੇ-6 ਸੋਸ਼ਲ ਸਟੱਡੀਜ਼ ਕਰੀਕੁਲਮ
- ਆਪਣੀ ਆਵਾਜ਼ ਸੁਣਾਉ

## ਸਬੰਧਤ ਖਬਰਾਂ

- ਐਲਬਰਟਨ'ਜ਼ ਪ੍ਰਾਇਆਰਟੀਜ਼ ਫਾਰ ਨਿਊ ਸੋਸ਼ਲ ਸਟੱਡੀਜ਼ ਕਰੀਕੁਲਮ (14 ਦਸੰਬਰ 2023)
- ਟਾਕਿੰਗ ਟੂ ਐਲਬਰਟਨਜ਼ ਅਬਾਊਟ ਨਿਊ ਸੋਸ਼ਲ ਸਟੱਡੀਜ਼ ਕਰੀਕੁਲਮ (18 ਸਤੰਬਰ 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ


### Gabrielle Symbalisty

780-218-8916
ਪ੍ਰੈੱਸ ਸੈਕਰੇਟਰੀ, ਐਜੂਕੇਸ਼ਨ